# ਦਫਤਰ: ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਬਠਿੰਡਾ।

ਵੱਲ

ਸਮੂਹ ਪ੍ਰਿੰਸੀਪਲ/ਹੈਡ ਮਾਸਟਰ,
ਸਮੂਹ ਸਕੂਲ(ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ),
ਜਿਲ੍ਹਾ ਬਠਿੰਡਾ।

ਪੱਤਰ ਨੰ: 2443 ਮਿਤੀ:15-09-2023

**ਵਿਸ਼ਾ:-** **ਨਸ਼ਿਆ ਤੋ ਬਚਣ ਲਈ ਜਾਗਰੂਕਤਾ ਪ੍ਰੋਗਰਾਮ ਕਰਵਾਉਣ ਸੰਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬਠਿੰਡਾ ਜਿਲ੍ਹੇ ਦੇ ਸਮੂਹ ਸਕੂਲ(ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ) ਸਕੂਲਾਂ ਵਿੱਚ ਹਰ ਮਹੀਨੇ ਕਲਾਸ ਛੇਵੀ ਤੋ ਬਾਰਵੀ ਦੇ ਵਿਦਿਆਰਥੀਆਂ ਨੂੰ ਨਸ਼ਿਆ ਦੀ ਰੋਕਥਾਮ ਅਤੇ ਦੁਸ਼ ਪ੍ਰਭਾਵ ਲਈ ਜਾਗਰੂਕ ਕਰਨ ਹਿੱਤ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਈਆ ਜਾਣ। ਇਹਨਾ ਗਤੀਵਿਧੀਆ ਤੋ ਇਲਾਵਾ ਹਫਤੇ ਵਿੱਚ ਦੋ ਦਿਨ ਪ੍ਰਿੰਸੀਪਲ/ ਹੈਡ ਮਾਸਟਰ / ਕਲਾਸ ਅਧਿਆਪਕ ਵੱਲੋ ਸਵੇਰੇ ਦੀ ਸਭਾ ਦੋਰਾਨ ਨਸ਼ਿਆ ਤੋ ਬਚਣ ਲਈ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ। ਇਹਨਾ ਕਰਵਾਏ ਗਏ ਪ੍ਰੋਗਰਾਮਾਂ ਦੀ ਰਿਪੋਰਟ/ਸਾਫ ਫੋਟੋਆ ਹਰੇਕ ਸਕੂਲ ਵੱਲੋ ਈਮੇਲ ਆਈ ਡੀ drugawareness 103@gmail.com ਤੇ ਹਰ ਹਫਤੇ ਦੇ ਸ਼ਨੀਵਾਰ ਨੂੰ ਦੁਪਿਹਰ 1.00 ਵਜੇ ਤੱਕ ਭੇਜਣੀ ਯਕੀਨੀ ਬਣਾਈ ਜਾਵੇ।

| **ਲੜੀ ਨੰ** | **ਸਮਾਂ** | **ਗਤੀਵਿਧੀ ਦਾ ਨਾਮ** |
|---|---|---|
| 1 | ਪਹਿਲਾ ਹਫਤਾ | ਪੇਟਿੰਗ ਮੁਕਾਬਲਾ/ਪੋਸਟਰ ਮੇਕਿੰਗ ਮੁਕਾਬਲਾ/ਸਲੋਗਨ ਰਾਈਟਿੰਗ ਮੁਕਾਬਲਾ ਅਤੇ ਕਾਰਡ ਮੇਕਿੰਗ ਮੁਕਾਬਲੇ |
| 2 | ਦੁਸਰਾ ਹਫਤਾ | ਲੇਖ ਰਚਨਾ/ਭਾਸ਼ਨ ਮੁਕਾਬਲਾ |
| 3 | ਤੀਜਾ ਹਫਤਾ | ਯੋਗਾ/ਕਸਰਤ/ਡਾਂਸ |
| 4 | ਚੋਥਾ ਹਫਤਾ | ਰੋਲ ਪਲੇਅ/ਗੀਤ/ਕਵਿਤਾ/ਕਹਾਣੀ ਜਿਨ੍ਹਾਂ ਵਿੱਚ ਨਸ਼ੇ ਦੇ ਬੁਰੇ ਪ੍ਰਭਾਵ ਬਾਰੇ ਦੱਸਿਆ ਗਿਆ ਹੋਵੇ। |

15/9/2023
DSE/IEDC

15/9/23
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ),
ਬਠਿੰਡਾ।